BRITISH COLUMBIA | SeniorsBC

# ਮਾਇਕ ਸ਼ੋਸ਼ਣ

## ਬ੍ਰਿਟਿਸ਼ ਕੋਲੰਬੀਆ ਦੇ ਬਜ਼ੁਰਗਾਂ ਨੂੰ ਬਚਾਉਣਾ

### ਕੀ ਤੁਹਾਨੂੰ ਪਤਾ ਹੈ ਕਿ ਮਾਇਕ ਬੁਰਾ ਵਰਤਾਉ, ਬਜ਼ੁਰਗਾਂ ਨਾਲ ਸਭ ਤੋਂ ਜ਼ਿਆਦਾ ਹੋਣ ਵਾਲਾ ਆਮ ਰਿਪੋਰਟ ਕੀਤਾ ਜਾਂਦਾ ਬੁਰਾ ਵਰਤਾਉ ਹੈ?

ਮਾਇਕ ਸ਼ੋਸ਼ਣ ਦੇ ਦੋ ਮੁਖ ਰੂਪ ਹਨ – ਮਾਇਕ ਬੁਰਾ ਵਰਤਾਉ ਅਤੇ ਆਰਥਿਕ ਜੁਰਮ (ਇਕਨੌਮਿਕ ਕਰਾਇਮ)।

ਮਾਇਕ ਸ਼ੋਸ਼ਣ ਬਜ਼ੁਰਗਾਂ ਨਾਲ ਬੁਰੇ ਵਰਤਾਉ ਦਾ ਇਕ ਰੂਪ ਹੈ। ਹੋਰ ਰੂਪਾਂ ਵਿਚ ਅਣਗਹਿਲੀ, ਸਰੀਰਕ, ਜਜ਼ਬਾਤੀ ਜਾਂ ਕਾਮੁਕ ਬੁਰਾ ਵਰਤਾਉ ਸ਼ਾਮਲ ਹਨ।

ਮਾਇਕ ਸ਼ੋਸ਼ਣ ਕਿਸੇ ਦਾ ਵੀ ਹੋ ਸਕਦਾ ਹੈ। ਜੇ ਇਹ ਤੁਹਾਡੇ ਨਾਲ ਵਾਪਰਦਾ ਹੈ ਤਾਂ ਯਾਦ ਰੱਖੋ – ਤੁਸੀਂ ਇਕੱਲੇ ਨਹੀਂ ਹੋ, ਅਤੇ ਇਹ ਤੁਹਾਡਾ ਕਸੂਰ ਨਹੀਂ ਹੈ।

ਆਰਥਿਕ ਜੁਰਮ ਵਿਚ ਖਪਤਕਾਰ ਨਾਲ ਫਰਾਡ, ਇਨਵੈਸਟਮੈਂਟ ਫਰਾਡ, ਠੱਗੀਆਂ ਅਤੇ ਪਛਾਣ ਦੀ ਚੋਰੀ ਸ਼ਾਮਲ ਹਨ। ਇਹ ਜੁਰਮ ਈਮੇਲ ਜਾਂ ਇੰਟਰਨੈੱਟ ਰਾਹੀਂ ਕੀਤੇ ਜਾ ਸਕਦੇ ਹਨ, ਦਰ ਦਰ ਜਾ ਕੇ ਚੀਜ਼ਾਂ ਵੇਚਣ ਵਾਲਿਆਂ ਜਾਂ ਫੋਨ 'ਤੇ ਚੀਜ਼ਾਂ ਵੇਚਣ ਵਾਲਿਆਂ ਵਲੋਂ ਕੀਤੇ ਜਾ ਸਕਦੇ ਹਨ। ਜੇ ਤੁਹਾਨੂੰ ਇਹ ਸ਼ੱਕ ਪਵੇ ਕਿ ਤੁਹਾਨੂੰ ਨਿਸ਼ਾਨਾ ਬਣਾਇਆ ਗਿਆ ਹੈ ਤਾਂ ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ, ਬੀ ਸੀ ਸਕਿਉਰਟੀਜ਼ ਕਮਿਸ਼ਨ ਜਾਂ ਆਪਣੀ ਲੋਕਲ ਪੁਲੀਸ ਨੂੰ ਫੋਨ ਕਰੋ।

### ਮਾਇਕ ਬੁਰਾ ਵਰਤਾਉ ਭਰੋਸੇ ਦੀ ਉਲੰਘਣਾ ਹੈ।

ਇਸ ਦੀ ਇਕ ਉਦਾਹਰਣ ਇਹ ਹੈ ਕਿ ਜਦੋਂ ਤੁਹਾਨੂੰ ਕੋਈ ਜਾਣਦਾ ਅਤੇ ਤੁਹਾਡੇ ਭਰੋਸੇ ਵਾਲਾ – ਪਰਿਵਾਰ ਦਾ ਮੈਂਬਰ, ਦੋਸਤ, ਜਾਂ ਸੰਭਾਲ ਕਰਨ ਵਾਲਾ – ਤੁਹਾਡਾ ਮਾਲ ਹਥਿਆਉਣ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ ਕਿ ਤੁਹਾਡੇ ਪੈਸੇ, ਤੁਹਾਡੀ ਪ੍ਰਾਪਰਟੀ, ਜਾਂ ਹੋਰ ਚੀਜ਼ਾਂ।

ਮਾਇਕ ਬੁਰਾ ਵਰਤਾਉ ਗਲਤ ਹੈ। ਕਦੇ ਕਦੇ ਇਹ ਗੈਰਕਾਨੂੰਨੀ ਵੀ ਹੁੰਦਾ ਹੈ।

### ਮਾਇਕ ਬੁਰੇ ਵਰਤਾਉ ਦੀਆਂ ਉਦਾਹਰਣਾਂ:

- ਤੁਹਾਡੇ ਪੈਸੇ ਜਾਂ ਪ੍ਰਾਪਰਟੀ ਲੈਣ ਲਈ ਕੋਈ ਤੁਹਾਡੇ 'ਤੇ ਦਬਾਅ ਪਾਉਂਦਾ ਹੈ।
- ਕੋਈ ਤੁਹਾਡੇ ਤੋਂ ਪੈਸੇ ਉਧਾਰ ਲੈਣ ਲਈ ਦਬਾਅ ਪਾਉਂਦਾ ਹੈ।
- ਕੋਈ ਤੁਹਾਡੇ ਪੈਸੇ ਲੈਣ ਲਈ ਤੁਹਾਡੇ ਮੁਖਤਾਰਨਾਮੇ ਦੀ ਗਲਤ ਵਰਤੋਂ ਕਰਦਾ ਹੈ।
- ਕੋਈ ਜਣਾ ਕਿਸੇ ਇਕਰਾਰਨਾਮੇ ਜਾਂ ਵਸੀਅਤ 'ਤੇ ਦਸਖਤ ਕਰਨ ਜਾਂ ਇਸ ਨੂੰ ਬਦਲਣ ਲਈ ਤੁਹਾਨੂੰ ਮਜ਼ਬੂਰ ਕਰਦਾ ਹੈ ਜਾਂ ਤੁਹਾਡੇ ਨਾਲ ਚਲਾਕੀ ਕਰਦਾ ਹੈ।

ਮਾਇਕ ਬੁਰਾ ਵਰਤਾਉ ਅਕਸਰ ਜਜ਼ਬਾਤੀ ਬੁਰੇ ਵਰਤਾਉ ਦੇ ਨਾਲ ਨਾਲ ਚੱਲਦਾ ਹੈ। ਤੁਹਾਡੇ ਪੈਸੇ ਜਾਂ ਹੋਰ ਕੀਮਤੀ ਚੀਜ਼ਾਂ ਹਥਿਆਉਣ ਲਈ ਕੋਈ ਵਿਅਕਤੀ ਤੁਹਾਡੇ ਨਾਲ ਛਲ ਖੇਡ ਸਕਦਾ ਹੈ, ਤੁਹਾਨੂੰ ਧੌਂਸ ਦੇ ਸਕਦਾ ਹੈ ਜਾਂ ਤੁਹਾਨੂੰ ਡਰਾ ਸਕਦਾ ਹੈ।

*ਯਾਦ ਰੱਖੋ..ਇਹ ਤੁਹਾਡੇ ਪੈਸੇ ਹਨ*

### ਤੁਹਾਨੂੰ ਕੀ ਕਰਨਾ ਚਾਹੀਦਾ ਹੈ?

### ਇਸ ਨੂੰ ਰੋਕੋ!

- ਜਿੰਨਾ ਵੀ ਸੰਭਵ ਹੋ ਸਕੇ ਆਪਣੇ ਪੈਸੇ ਧੇਲੇ ਦੇ ਕੰਮ ਆਪ ਕਰੋ।
- ਅਗਾਊਂ ਪਲੈਨ ਬਣਾਉ ਅਤੇ ਆਪਣੀਆਂ ਇੱਛਾਵਾਂ ਬਾਰੇ ਦੂਜਿਆਂ ਨੂੰ ਜਾਣੂ ਕਰਾਉ।
- ਜੇ ਕੋਈ ਤੁਹਾਡੇ 'ਤੇ ਪੈਸਿਆਂ ਲਈ ਦਬਾਅ ਪਾਉਂਦਾ ਹੈ ਤਾਂ "ਨਹੀਂ" ਕਹੋ – ਇੱਥੋਂ ਤੱਕ ਕਿ ਪਰਿਵਾਰ ਦੇ ਮੈਂਬਰਾਂ ਨੂੰ ਵੀ।
- ਇਹ ਪੱਕਾ ਕਰੋ ਕਿ ਤੁਸੀਂ ਜਿਸ ਵੀ ਪੇਪਰ 'ਤੇ ਦਸਖ਼ਤ ਕਰੋ ਤੁਸੀਂ ਉਸ ਨੂੰ ਸਮਝਦੇ ਹੋਵੋ।

### ਰਿਪੋਰਟ ਕਰੋ!

- ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨਾਲ ਗੱਲ ਕਰੋ।
- ਆਪਣੀ ਲੋਕਲ ਪੁਲੀਸ ਨੂੰ ਫੋਨ ਕਰੋ। ਉਹ ਇਹ ਪਤਾ ਲਾਉਣ ਲਈ ਪੜਤਾਲ ਕਰ ਸਕਦੇ ਹਨ ਕਿ ਕੀ ਬੁਰਾ ਵਰਤਾਉ ਜੁਰਮ ਹੈ ਅਤੇ ਇਹ ਸਲਾਹ ਦੇ ਸਕਦੇ ਹਨ ਕਿ ਅਗਾਂਹ ਕੀ ਕਰਨਾ ਹੈ।
- ਜੇ ਕੋਈ ਮੁਖ਼ਤਾਰਨਾਮੇ ਹੇਠ ਮਿਲੀਆਂ ਆਪਣੀਆਂ ਸ਼ਕਤੀਆਂ ਦੀ ਗਲਤ ਵਰਤੋਂ ਕਰ ਰਿਹਾ ਹੋਵੇ ਜੋ ਕਿ ਉਸ ਨੂੰ ਦਿੱਤੀਆਂ ਗਈਆਂ ਸਨ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬ੍ਰਿਟਿਸ਼ ਕੋਲੰਬੀਆ ਨੂੰ ਫੋਨ ਕਰੋ।

### ਕਾਨੂੰਨੀ ਜਾਣਕਾਰੀ ਅਤੇ ਸਲਾਹ ਲਵੋ!

- ਕਿਸੇ ਵਕੀਲ ਨਾਲ ਗੱਲ ਕਰੋ ਅਤੇ ਪਲੈਨਾਂ ਬਣਾਉਣ ਵੇਲੇ ਅੱਗੇ ਦਿੱਤੇ ਵਸੀਲਿਆਂ 'ਤੇ ਵਿਚਾਰ ਕਰੋ ਜਿਵੇਂ ਕਿ ਮੁਖ਼ਤਾਰਨਾਮਾ ਬਣਾਉਣਾ।
- ਚੰਗੀ ਕਾਨੂੰਨੀ ਜਾਣਕਾਰੀ ਅਤੇ ਸਲਾਹ ਇਕ ਵਧੀਆ ਇਨਵੈਸਟਮੈਂਟ ਹੈ।

## ਫਾਇਦੇਮੰਦ ਵਸੀਲੇ

*ਇਟ'ਸ ਯੁਅਰ ਚੌਆਇਸ, ਪਰਸਨਲ ਪਲੈਨਿੰਗ ਟੂਲਜ਼*

### ਪਬਲਿਕ ਗਾਰਡੀਅਨ ਐਂਡ ਟਰੱਸਟੀ ਔਫ ਬੀ ਸੀ

ਇਹ ਲਿਖਤ ਕਾਇਮ ਰਹਿਣ ਵਾਲੇ ਮੁਖ਼ਤਾਰਨਾਮੇ (ਇੰਡਿਊਰਿੰਗ ਪੌਵਰਜ਼ ਔਫ ਅਟਾਰਨੀ), ਨੁਮਾਇੰਦਗੀ ਦੇ ਇਕਰਾਰਨਾਮਿਆਂ (ਰੈਪਰੇਜ਼ਿਨਟੇਸ਼ਨ ਐਗਰੀਮੈਂਟਸ), ਅਗਾਂਊਂ ਨਿਰਦੇਸ਼ਾਂ (ਅਡਵਾਂਸ ਡਾਇਰੈਕਟਿਵਜ਼), ਕਮੇਟੀਆਂ ਅਤੇ ਹੋਰ ਨਿੱਜੀ ਪਲੈਨਾਂ ਬਾਰੇ ਜਾਣਕਾਰੀ ਦਿੰਦੀ ਹੈ।

www.trustee.bc.ca/documents/STA/It's_Your_Choice-Personal_Planning_Tools.pdf

ਕਿਸੇ ਕਮਜ਼ੋਰ ਬਾਲਗ ਦੇ ਹੋ ਰਹੇ ਮਾਇਕ ਸ਼ੋਸ਼ਣ ਬਾਰੇ ਜਾਂ ਉਸ ਦੀ ਥਾਂ ਫੈਸਲਾ ਕਰਨ ਵਾਲੇ ਵਲੋਂ ਹੋ ਰਹੇ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ, ਹੇਠਾਂ ਦਿੱਤੇ ਫੋਨ ਨੰਬਰਾਂ 'ਤੇ ਸੰਪਰਕ ਕਰੋ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਟੈਲੀਫੋਨ ਮਿਲਾਉਣ ਨੂੰ ਕਹੋ।

ਫੋਨ: 604 660-4444
ਟੋਲ ਫ੍ਰੀ: 1 800 663-7867
www.trustee.bc.ca

### ਵਸੀਅਤ ਅਤੇ ਇਸਟੇਟ ਪਲੈਨਿੰਗ ਬਣਾਉਣਾ

### ਕੈਨੇਡੀਅਨ ਬਾਰ ਐਸੋਸੀਏਸ਼ਨ, ਬੀ ਸੀ ਬਰਾਂਚ

ਟੈਲੀਫੋਨ 'ਤੇ ਸੁਣੀ ਜਾਣ ਵਾਲੀ ਇਹ ਲਿਖਤ, ਵਸੀਅਤਾਂ ਅਤੇ ਇਸਟੇਟ ਪਲੈਨਿੰਗ ਦੇ ਹੋਰ ਪੱਖਾਂ ਬਾਰੇ ਦੱਸਦੀ ਹੈ, ਜਿਵੇਂ ਕਿ ਸਾਂਝੀ ਜਾਇਦਾਦ ਅਤੇ ਟਰੱਸਟਸ। ਲਿਖਤ 176 ਸੁਣਨ ਲਈ ਡਾਇਲ-ਏ ਲਾਅ ਨੂੰ ਫੋਨ ਕਰੋ ਜਾਂ ਲਿਖਤ ਪੜ੍ਹਨ ਲਈ ਹੇਠਾਂ

ਉਨ੍ਹਾਂ ਦੇ ਵੈੱਬਸਾਈਟ ’ਤੇ ਜਾਓ।
ਫੋਨ: 1 800 565-5297
www.cbabc.org/For-the-Public/Dial-A-Law/Scripts/Wills-and-Estates/176

## ਮਦਦ ਲਈ ਤੁਹਾਨੂੰ ਕਿਸ ਨੂੰ ਫੋਨ ਕਰਨਾ ਚਾਹੀਦਾ ਹੈ?

*ਜੇ ਹਾਲਤ ਐਮਰਜੰਸੀ ਵਾਲੀ ਹੈ ਜਾਂ ਜੇ ਕਿਸੇ ਵਿਅਕਤੀ ਨੂੰ ਫੌਰੀ ਖਤਰਾ ਹੈ ਤਾਂ **9-1-1** ਨੂੰ ਫੋਨ ਕਰੋ।*

ਬੁਰਾ ਵਰਤਾਉ ਇਕ ਜੁਰਮ ਹੋ ਸਕਦਾ ਹੈ ਅਤੇ ਕ੍ਰਿਮੀਨਲ ਕੋਡ ਥੱਲੇ ਆ ਸਕਦਾ ਹੈ। ਜਾਣਕਾਰੀ ਲਈ ਜਾਂ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਆਪਣੇ ਲੋਕਲ ਪੁਲੀਸ ਸਟੇਸ਼ਨ ਨੂੰ ਫੋਨ ਕਰੋ।

**ਬੀ ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸੁਪੋਰਟ – ਸੀਨੀਅਰਜ਼ ਅਬਿਊਜ਼ ਐਂਡ ਇਨਫਰਮੇਸ਼ਨ ਲਾਈਨ (ਸੇਲ)**
ਸੇਲ ਬਜ਼ੁਰਗਾਂ ਅਤੇ ਉਨ੍ਹਾਂ ਦਾ ਖਿਆਲ ਰੱਖਣ ਵਾਲੇ ਲੋਕਾਂ ਲਈ ਉਨ੍ਹਾਂ ਹਾਲਤਾਂ ਬਾਰੇ ਗੱਲ ਕਰਨ ਲਈ ਇਕ ਸੁਰੱਖਿਅਤ ਥਾਂ ਹੈ ਜਿਨ੍ਹਾਂ ਹਾਲਤਾਂ ਵਿਚ ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਬੁਰਾ ਵਰਤਾਉ ਜਾਂ ਬਦਸਲੂਕੀ ਹੋ ਰਹੀ ਹੈ, ਜਾਂ ਬਜ਼ੁਰਗਾਂ ਨਾਲ ਬੁਰੇ ਵਰਤਾਉ ਤੋਂ ਰੋਕਥਾਮ ਬਾਰੇ ਜਾਣਕਾਰੀ ਲੈਣ ਲਈ।
ਹਫਤੇ ਦੇ 7 ਦਿਨ, ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਮੌਜੂਦ ਹੈ। (ਛੁੱਟੀਆਂ ਵਾਲੇ ਦਿਨਾਂ ਤੋਂ ਬਗੈਰ)।
ਫੋਨ: 604 437-1940 ਜਾਂ ਟੋਲ ਫ੍ਰੀ: 1 866 437-1940

ਬੋਲੀ ਦਾ ਅਨੁਵਾਦ:
ਸੋਮਵਾਰ – ਸ਼ੁਕਰਵਾਰ (ਸਵੇਰ ਦੇ 9 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ)

*ਸੇਲ ਟੀ ਟੀ ਵਾਈ ’ਤੇ ਪਹੁੰਚਯੋਗ ਹੈ।*
ਟੀ ਟੀ ਵਾਈ: 604 428-3359 ਜਾਂ 1 855 306-1443
www.bcceas.ca

**ਵਿਕਟਿਮਲਿੰਕ ਬੀ ਸੀ**
ਇਹ ਇਕ ਮੁਫਤ, ਗੁਪਤ ਅਤੇ ਬਹੁਭਾਸ਼ਾਈ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ। ਇਹ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।
ਟੋਲ ਫ੍ਰੀ: 1 800 563-0808

ਵਿਕਟਿਮਲਿੰਕ ਬੀ ਸੀ ਟੀ ਟੀ ਵਾਈ ’ਤੇ ਪਹੁੰਚਯੋਗ ਹੈ।
ਟੀ ਟੀ ਵਾਈ: 604 875-0885

**ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ**
ਕੰਜ਼ਿਊਮਰ ਪ੍ਰੋਟੈਕਸ਼ਨ ਬੀ ਸੀ ਅਜਿਹੀ ਮੰਡੀ ਨੂੰ ਉਤਸ਼ਾਹ ਦਿੰਦਾ ਹੈ ਜਿਹੜੀ ਖਪਤਕਾਰਾਂ ਅਤੇ ਕਾਰੋਬਾਰਾਂ ਦੋਨਾਂ ਲਈ ਵਾਜਬ ਹੋਵੇ। ਖਪਤਕਾਰ ਵਜੋਂ ਜੇ ਤੁਹਾਡੇ ਮਨ ਵਿਚ ਆਪਣੇ ਹੱਕਾਂ ਬਾਰੇ ਕੋਈ ਸਵਾਲ ਹੋਵੇ ਤਾਂ ਅੱਗੇ ਲਿਖੇ ਨੰਬਰ ’ਤੇ ਫੋਨ ਕਰੋ।
ਫੋਨ: 1 888 564-9963 ਜਾਂ 604 320-1667

**ਬੀ ਸੀ ਸਕਿਉਰਟੀਜ਼ ਕਮਿਸ਼ਨ**
ਕਿਸੇ ਸ਼ੱਕੀ ਠੱਗੀ ਦੀ ਰਿਪੋਰਟ ਕਰਨ ਲਈ ਜਾਂ ਕਿਸੇ ਇਨਵੈਸਟਮੈਂਟ ਸਲਾਹਕਾਰ ਜਾਂ ਕੰਪਨੀ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਲਈ ਬੀ ਸੀ ਸਕਿਉਰਟੀਜ਼ ਕਮਿਸ਼ਨ ਨੂੰ ਫੋਨ ਕਰੋ।
ਫੋਨ: 604 899-6854
ਟੋਲ ਫ੍ਰੀ: 1 800 373-6393 (ਕੈਨੇਡਾ ਭਰ ਵਿਚ ਮੁਫਤ)

**ਸੀਨੀਅਰਾਂ ਦੀ ਸਿਹਤ ਨੂੰ ਉਤਸ਼ਾਹ**
ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਆਮ ਜਾਣਕਾਰੀ ਲੈਣ ਲਈ।
Ministry of Health, P.O. Box 9825 Stn Prov Govt, Victoria, British Columbia V8W 9W4
www.SeniorsBC.ca

**ਬ੍ਰਿਟਿਸ਼ ਕੋਲੰਬੀਆ ਸਰਕਾਰ, ਨੋਵਾ ਸਕੋਸ਼ੀਆ ਸਰਕਾਰ ਦੀ ਧੰਨਵਾਦੀ ਹੈ ਜਿਸ ਨੇ ਆਪਣੀ ਬਜ਼ੁਰਗਾਂ ਨਾਲ ਬੁਰਾ ਵਰਤਾਉ ਬਾਰੇ ਗਿਆਨ ਵਧਾਉਣ ਅਤੇ ਰੋਕਥਾਮ ਕਰਨ ਦੀ ਮੁਹਿੰਮ: ਨੋਵਾ ਸਕੋਸ਼ੀਆ ਦੇ ਬਜ਼ੁਰਗਾਂ ਦਾ ਆਦਰ ਕਰੋ ਤੋਂ ਸਾਮੱਗਰੀ ਵਰਤਣ ਦੀ ਆਗਿਆ ਦਿੱਤੀ।**